रोल नं. | | | | | | | | मुद्रित पृष्ठों की संख्या : 4

Roll No. No. of printed pages : 4

005

# 2025

# ਪੰਜਾਬੀ

205 (HHC)

समय : 3 घण्टे] [पूर्णांक : 80

Time : 3 Hours] [Max. Marks : 80

**ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।**

- ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 19 ਪ੍ਰਸ਼ਨ ਹਨ।
- ਭਾਗ-I ਪੜ੍ਹਨ-ਕੌਸ਼ਲ ਵਿੱਚ ਕੁੱਲ 02 ਪ੍ਰਸ਼ਨ ਹਨ।
- ਭਾਗ-II ਵਿਆਕਰਨ ਵਿੱਚ ਕੁੱਲ 05 ਪ੍ਰਸ਼ਨ ਹਨ।
- ਭਾਗ-III ਲਿਖਣ-ਕੌਸ਼ਲ ਵਿੱਚ ਕੁੱਲ 03 ਪ੍ਰਸ਼ਨ ਹਨ।
- ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 09 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

## ਭਾਗ-I

1. **ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ-** 1×5 = 5

ਕੀਟ-ਨਾਸ਼ੀ ਜ਼ਹਿਰੀਲਾ ਪਾਣੀ-ਪੀਣ ਤੇ ਖੇਤਾਂ 'ਚੋਂ ਜ਼ਹਿਰੀਲੇ ਪਦਾਰਥ ਖਾਣ ਕਰਕੇ ਅਤੇ ਹੋਰ ਕਾਰਨਾਂ ਕਰਕੇ ਚਿੜੀਆਂ ਦੀ ਗਿਣਤੀ ਵਿੱਚ ਬੇਹੱਦ ਕਮੀ ਆਈ ਹੈ। ਕੀਟ-ਨਾਸ਼ਕ ਜ਼ਹਿਰਾਂ ਨਾਲ ਭਰੀਆਂ ਸੁੰਡੀਆਂ ਖਾਕੇ ਚਿੜੀਆਂ ਮਰ ਰਹੀਆਂ ਹਨ। ਰਹਿਣ-ਸਹਿਣ ਦੇ ਬਦਲਾਅ ਕਾਰਨ ਚਿੜੀਆਂ ਦੀ ਨਵੀਂ ਪੀੜ੍ਹੀ ਸਹੀ ਢੰਗ ਨਾਲ ਪ੍ਰਜਣਨ ਨਹੀਂ ਕਰ ਸਕੀ। ਇੱਕ ਚਿੜੀ ਆਪਣੇ ਆਲ੍ਹਣੇ ਵਿੱਚ 2 ਤੋਂ 4 ਬੱਚਿਆਂ ਨੂੰ ਆਂਡਿਆਂ ਰਾਹੀਂ ਜਨਮ ਦਿੰਦੀ ਸੀ। ਅੱਜ ਦੇ ਬੱਚਿਆਂ ਲਈ ਚਿੜੀ ਇੱਕ ਬੁਝਾਰਤ ਬਣ ਗਈ ਹੈ। ਇਹੋ ਹਾਲ ਬਿਜੜੇ ਦਾ ਹੋ ਰਿਹਾ ਹੈ। ਤਿਲ, ਬਾਜਰਾ, ਚਰੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ ਤੇ ਸਰਕੰਡੇ ਖ਼ਤਮ ਹੋਣ ਕਾਰਨ ਬਿਜੜਾ ਵੀ ਅਲੋਪ ਹੋ ਰਿਹਾ ਹੈ। ਬਿਜੜੇ ਦੀ ਜਨਸੰਖਿਆ ਵਿੱਚ 75% ਕਮੀ ਆਈ ਹੈ।

(i) ਕੀਟ-ਨਾਸ਼ਕ ਜ਼ਹਿਰਾ ਨਾਲ ਭਰੀਆਂ ਕਿਹੜੀਆਂ ਚੀਜ਼ਾਂ ਖਾ ਕੇ ਚਿੜੀਆਂ ਮਰ ਰਹੀਆਂ ਹਨ ?

(ੳ) ਚਰ੍ਹੀ (ਅ) ਰੋਟੀ

(ੲ) ਫਲ (ਸ) ਸੁੰਡੀਆਂ

(ii) ਇੱਕ ਚਿੜੀ ਆਪਣੇ ਆਲ੍ਹਣੇ ਵਿੱਚ ਆਂਡਿਆਂ ਰਾਹੀਂ ਕਿੰਨੇ ਬੱਚਿਆਂ ਨੂੰ ਜਨਮ ਦਿੰਦੀ ਹੈ ?

(ੳ) 2 ਤੋਂ 4 (ਅ) 3 ਤੋਂ 5

(ੲ) 4 ਤੋਂ 8 (ਸ) ਅਣਗਿਣਤ

(iii) ਅੱਜ ਦੇ ਬੱਚਿਆਂ ਲਈ ਚਿੜੀ ਕੀ ਬਣ ਗਈ ਹੈ ?

(ੳ) ਖੇਡ (ਅ) ਬੁਝਾਰਤ

(ੲ) ਡਰ (ਸ) ਚੁਟਕਲਾ

(iv) ਬਿਜੜੇ ਦੀ ਜਨਸੰਖਿਆ ਵਿੱਚ ਕਿੰਨੀ ਕਮੀ ਆਈ ਹੈ ?

(ੳ) 50% (ਅ) 10%

(ੲ) 75% (ਸ) 30%

(v) ਬਿਜੜੇ ਦੇ ਅਲੋਪ ਹੋਣ ਦਾ ਕਾਰਨ ਹੈ ?

2. **ਹੇਠ ਲਿਖੀ ਕਾਵਿ-ਟੁੱਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ—** 1×5=5

ਇਥੇ ਦਾਤੇ ਬਲਕਾਰ ਆਏ, ਇਥੇ ਸਾਈਂ ਦੇ ਪਿਆਰ ਆਏ,
ਇਸ ਧਰਤੀ ਵਿੱਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲਗੀ,
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ।

(i) 'ਬਲਕਾਰ' ਸ਼ਬਦ ਦਾ ਕੀ ਅਰਥ ਹੈ ?

(ੳ) ਜਵਾਨ (ਅ) ਹਿੰਮਤੀ
(ੲ) ਬਹਾਦਰ (ਸ) ਮੌਜ਼ੀ

(ii) ਘੋੜੇ ਦੇ ਸੁੰਮਾਂ ਦੀ ਕੀ ਲਗੀ ਹੈ ?

(ੳ) ਟਾਪ (ਅ) ਪੀੜ
(ੲ) ਦੌੜ (ਸ) ਖੇਤੀ

(iii) ਇਥੇ .........ਬਲਕਾਰ ਆਏ।

(iv) ਪਾਵਨ ਧਰਤੀ ਤੇ ਕੌਣ-ਕੌਣ ਆਏ ਸਨ ?

(v) ਇਥੇ ਕਿਸ ਦੇ ਨਿਵਾਸ ਦਾ ਜ਼ਿਕਰ ਕੀਤਾ ਗਿਆ ਹੈ ?

## ਭਾਗ-II

3. (i) ਹਰ ਇਕ ਨੂੰ ਪਿਆਰਾ ਲਗਣ ਵਾਲਾ-ਦਾ ਸਮਾਸੀ ਸ਼ਬਦ ਚੁਣੋ। 1

(ੳ) ਹਰ-ਪਿਆਰ (ਅ) ਨਿਆਰਾ
(ੲ) ਹਰਮਨ-ਪਿਆਰਾ (ਸ) ਵਧੀਆ

(ii) 'ਧਰਮ-ਕਰਮ' ਦਾ ਸਮਾਸੀ ਸ਼ਬਦ ਸਮੂਹ ਚੁਣੋ। 1

(ੳ) ਧਰਮ ਦੇ ਕਰਮ (ਅ) ਧਰਮ ਅਤੇ ਕਰਮ
(ੲ) ਧਰਮ ਦਾ ਕਰਮ (ਸ) ਕਰਮ ਹੀ ਧਰਮ

4. ਬਹੁ-ਅਰਥਕ—"ਹਾਰ" ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਹੋਏ ਵਾਕ ਬਣਾਓ। 2

5. ਹੇਠ ਲਿਖੇ ਸ਼ਬਦਾਂ ਨੂੰ ਵਿਸ਼ੇਸ਼ਣ ਵਿੱਚ ਬਦਲੋ— 1×2=2

(i) ਮਿਲਣਾ

(ii) ਲਿਖਣਾ

6. 'ਉਪ'-ਅਗੇਤਰ ਵਰਤ ਕੇ ਇੱਕ ਸ਼ਬਦ ਬਣਾਓ। 1

'ਕਾਰੀ'-ਪਿਛੇਤਰ ਲਗਾ ਕੇ ਇਕ ਸ਼ਬਦ ਬਣਾਓ। 1

7. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰਾਂ ਬਦਲੋ ਕਿ ਅਰਥ ਸਪਸ਼ਟ ਹੋ ਜਾਣ- 1×4=4

(i) ਰੰਗ ਉੱਡ ਜਾਣਾ (ii) ਮੱਖੀਆਂ ਮਾਰਨਾ
(iii) ਖਾਣ ਨੂੰ ਪੈਣਾ (iv) ਬਾਂਹ ਫੜਨੀ

## ਭਾਗ-III

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ। 150-200 ਸ਼ਬਦਾਂ ਵਿੱਚ ਨਿਬੰਧ ਲਿਖੋ- 8

(i) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

(ਜਾਣ ਪਛਾਣ......ਸਿਰਫ਼ ਸਿੱਖਾਂ ਦੇ ਹੀ ਨਹੀਂ ......ਲੋਕ ਨਾਇਕ......ਭਗਤੀ ਲਹਿਰ ਨੂੰ ਸ਼ਕਤੀ ਲਹਿਰ......ਧਰਮ ਬਚਾਇਆ......ਜਨਮ 1666 ਈ. ਪਟਨਾ ਵਿਖੇ......ਪਿਤਾ ਦੀ ਸ਼ਹੀਦੀ...... ਪੰਥ ਦੀ ਅਗਵਾਈ......ਖ਼ਾਲਸਾ ਪੰਥ ਦੀ ਸ਼ਾਜ਼ਨਾ...... ਪਹਾੜੀ ਰਾਜਿਆਂ ਤੇ ਮੁਗਲ ਫ਼ੌਜਾਂ......ਆਨੰਦਪੁਰ ਛੱਡਣਾ......ਚਮਕੌਰ ਯੁੱਧ...... ਦੋ ਵੱਡੇ ਸਾਹਿਬਜ਼ਾਦੇ ਸ਼ਹੀਦ......ਛੋਟੇ ਸਾਹਿਬਜ਼ਾਦੇ ਨੀਹਾਂ......ਸੰਤਯੋਧਾ......ਜ਼ੁਲਮ ਤੇ ਬੇਇਨਸਾਫ਼ੀ ਦਾ ਨਾਸ਼।)

(ii) ਵਿਦਿਆਰਥੀ ਤੇ ਅਨੁਸ਼ਾਸ਼ਨ

(ਭੂਮਿਕਾ......ਵਿਦਿਆਰਥੀ ਜੀਵਨ ਲਈ ਜ਼ਰੂਰੀ......ਅਨੁਸ਼ਾਸ਼ਨ ਦਾ ਅਰਥ......ਅਨੁਸ਼ਾਸ਼ਨਹੀਣ ਵਿਦਿਆਰਥੀ ਮਹੌਲ ਨੂੰ ਖਰਾਬ......ਵਿਦਿਆਰਥੀ ਦਾ ਸਰਵਪੱਖੀ ਵਿਕਾਸ......ਵਿਦਿਆਰਥੀ ਦੀ ਸ਼ਖਸੀਅਤ ਵਿੱਚ ਨਿਖ਼ਾਰ।)

(iii) ਪੁਸਤਕਾਂ ਦੇ ਲਾਭ

(ਮਨ ਪ੍ਰਚਾਵੇ ਦਾ ਸਾਧਨ......ਗਿਆਨ ਦਾ ਭੰਡਾਰ......ਜੀਵਨ ਦੇ ਅਣਗੌਲੇ ਪੱਖਾਂ ਵੱਲ ਧਿਆਨ......ਮਿੱਠਾ ਬੋਲਣਾ-ਵਰਤਣਾ ਸਿਖਾਉਂਦੀਆਂ ......ਦੂਜੇ ਦੇਸ਼ਾਂ ਬਾਰੇ ਜਾਣਕਾਰੀ......ਉੱਤਮ ਲੇਖਕਾਂ ਦੀਆਂ ਰਚਨਾਵਾਂ ਪੜ੍ਹਨੀਆਂ ਯੋਗ......ਉੱਤਮ ਰਚਨਾਵਾਂ ਜਾਗ੍ਰਤੀ ਪੈਦਾ ਕਰਦੀਆਂ।)

9. ਤੁਹਾਡਾ ਮਿੱਤਰ ਕਿਤਾਬੀ ਕੀੜਾ ਹੈ। ਚਿੱਠੀ ਵਿੱਚ ਉਸ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਨਾ ਦਿਉ। 6


(ਤੁਹਾਡਾ ਭਰਾ ਮਿਲਿਆ......ਰਾਤ ਦਿਨ ਕਿਤਾਬਾਂ......ਬਹੁਤ ਸਮਾਂ ਬੈਠਣ ਨਾਲ ਬੀਮਾਰੀਆਂ......ਚੰਗਾ ਮਨ ਤੇ ਚੰਗਾ ਦਿਮਾਗ......ਖੇਡਾਂ ਖੇਡਣ ਨਾਲ ਸਰੀਰ ਤੰਦਰੁਸਤ......ਸਿਹਤਮੰਦ......ਤਾਜ਼ਾ ਦਿਮਾਗ......ਖੇਡਾਂ ਵਿੱਚ ਜ਼ਰੂਰ ਭਾਗ ਲਉ......ਸਰੀਰਕ ਵਿਕਾਸ......ਸਰਵਪੱਖੀ ਵਿਕਾਸ।)

ਜਾਂ

ਚੀਜ 'ਚ ਹੁੰਦੀ ਮਿਲਾਵਟ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖੋ।

(ਹਰ ਚੀਜ਼ ਵਿੱਚ ਮਿਲਾਵਟ......ਖਾਣ ਵਾਲੀਆਂ ਚੀਜ਼ਾਂ ਵਿੱਚ ਮਿਲਾਵਟ......ਸਿਹਤ ਤੇ ਬਹੁਤ ਮਾੜਾ ਪ੍ਰਭਾਵ......ਦੇਸੀ ਘਿਉ ਵਿੱਚ ਬਨਸਪਤੀ......ਦੁੱਧ ਵਿੱਚ ਪਾਣੀ......ਹਲਦੀ ਵਿੱਚ ਗਾਚਨੀ......ਸਰੋਂ ਦੇ ਤੇਲ......ਲੋਕਾਂ ਦੀ ਸਿਹਤ ਤੇ ਸਮਾਜ ਉੱਤੇ ਖਤਰਨਾਕ......ਮਿਲਾਵਟ ਕਰਨ ਵਾਲਿਆਂ ਤੇ ਚੈਕਿੰਗ ......ਸਖ਼ਤ ਕਾਰਵਾਈ।)

10. ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ। 4



ਭਾਗ-IV

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕਾਂ ਦੇ ਆਧਾਰ ਤੇ ਇੱਕ ਵਾਕ ਵਿੱਚ ਲਿਖੋ- 8×1=8

(i) ਸੋ ਕਿਉਂ ਮੰਦਾ ਆਖੀਐ ਸ਼ਬਦ ਦੇ ਰਚਨਾਕਾਰ ਕੌਣ ਹਨ ?

(ii) "ਗੁਰਬਾਣੀ ਦੀ ਕੁੰਜੀ" ਕਿਸ ਨੂੰ ਕਿਹਾ ਜਾਂਦਾ ਹੈ ?

(iii) ਭਾਰਤੀ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਹੈ ?

(iv) ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ ?

(v) 'ਕੁਲਫ਼ੀ' ਕਹਾਣੀ ਵਿੱਚ ਲੇਖਕ ਦੀ ਤਨਖਾਹ ਕਿੰਨੇ ਦਿਨਾਂ ਵਿੱਚ ਖਤਮ ਹੋ ਜਾਂਦੀ ਸੀ ?

(vi) ਕਰਤਾਰ ਸਿੰਘ ਦੇ ਪਿਤਾ ਜੀ ਕਮਾਈ ਲਈ ਕਿੱਥੇ ਚਲੇ ਗਏ ਸਨ ?

(vii) ਜ਼ਫਰਨਾਮਾ ਤੋਂ ਕੀ ਭਾਵ ਹੈ ?

(viii) ਨਿਹਾਲ ਕੌਰ ਤੇ ਮਨਜੀਤ ਵਿੱਚ ਕੀ ਰਿਸ਼ਤਾ ਹੈ ?

12. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ ਤੇ ਕਿਸੇ **ਇੱਕ** ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ- 2×2=4

(i) ਅਸੀ ਖਤੇ ਬਹੁਤ ਕਮਾਵਦੇ ਅੰਤੁ ਨਾ ਪਾਰਾਵਾਰੁ ॥
ਹਰਿ ਕਿਰਪਾ ਕਰਿਕੈ ਬਖਸਿ ਲੈਹੁ
ਹਉ ਪਾਪੀ ਵਡ ਗੁਨਹਗਾਰੁ ॥

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।

(ਅ) "ਖਤੇ" ਸ਼ਬਦ ਦਾ ਕੀ ਅਰਥ ਹੈ ਅਤੇ ਪ੍ਰਮਾਤਮਾ ਦੇ ਅੱਗੇ ਸਾਡੀ ਕੀ ਅਰਦਾਸ ਹੈ ?

ਜਾਂ

(ii) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥

(ੳ) ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ ? ਰਚਨਾਕਾਰ ਦਾ ਨਾਂ ਲਿਖੋ।

(ਅ) ਉਪਰੋਕਤ ਸਤਰਾਂ ਵਿੱਚ ਪਰਮਾਤਮਾ ਦੀ ਤੁਲਨਾ ਕਿਹੜੇ-ਕਿਹੜੇ ਰਿਸ਼ਤਿਆਂ ਨਾਲ ਕੀਤੀ ਹੈ ?

13. ਪਾਠ ਪੁਸਤਕ ਸਾਹਿਤ ਮਾਲਾ ਦੇ ਆਧਾਰ ਤੇ ਵਾਰਤਕ-ਭਾਗ ਵਿੱਚੋਂ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 20 ਤੋਂ 30 ਸ਼ਬਦਾਂ ਵਿੱਚ ਲਿਖੋ। 2×2=4

(i) ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ?

(ii) ਲੇਖਕ ਦੇ ਅਨੁਸਾਰ ਸਾਡੀ ਬੋਲੀ ਕਿਹੜੀ ਹੈ ?

14. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 20 ਤੋਂ 30 ਸ਼ਬਦਾਂ ਵਿੱਚ ਲਿਖੋ- 2×2=4

(i) ਕਰਤਾਰ ਸਿੰਘ ਕੌਣ ਸੀ ?

(ii) ਮਾਨ ਸਿੰਘ ਦੀ ਕਰਮ ਸਿੰਘ ਨਾਲ ਗੂੜ੍ਹੀ ਦੋਸਤੀ ਕਿੱਥੇ ਪਈ ?

15. ਆਪਣੀ ਪਾਠ-ਪੁਸਤਕ ਵੰਨਗੀ ਦੇ ਆਧਾਰ ਤੇ ਹੇਠਾਂ ਦਿੱਤੇ ਪਾਤਰਾਂ ਵਿੱਚ ਕਿਸੇ ਦੋ ਦੇ ਪਾਤਰ-ਚਿੱਤਰਨ ਨੂੰ 20 ਤੋਂ 30 ਸ਼ਬਦਾਂ ਵਿੱਚ ਲਿਖੋ। 2×2=4

(i) ਜੀਨਤ-ਉਨ ਨਿਸਾ

(ii) ਨਿਹਾਲ ਕੌਰ

(iii) ਮਨਜੀਤ ਕੌਰ

16. 'ਸਤਿਗੁਰ ਨਾਨਕ ਪ੍ਰਗਟਿਆ' ਕਵਿਤਾ ਦਾ ਕੇਂਦਰੀ ਭਾਵ 50 ਤੋਂ 60 ਸ਼ਬਦਾਂ ਵਿੱਚ ਲਿਖੋ। 4

17. ਡਾ. ਬਲਬੀਰ ਸਿੰਘ ਦੇ ਲੇਖ "ਪ੍ਰਾਰਥਨਾ" ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ? 4

ਜਾਂ

ਪ੍ਰਿੰਸੀਪਲ ਤੇਜਾ ਸਿੰਘ ਜੀ ਦੁਆਰਾ ਲਿਖੇ ਲੇਖ "ਘਰ ਦਾ ਪਿਆਰ" ਅਨੁਸਾਰ ਘਰ ਤੋਂ ਕੀ ਭਾਵ ਹੈ ?

18. ਸੁਜਾਨ ਸਿੰਘ ਦੀ ਲਿਖੀ ਕਹਾਣੀ "ਕੁਲਫੀ" ਵਿੱਚ ਕਹਾਣੀਕਾਰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ? 4

ਜਾਂ

"ਅੰਗ-ਸੰਗ" ਕਹਾਣੀ ਦੇ ਵਿਸ਼ੇ ਬਾਰੇ ਜਾਣਕਾਰੀ ਦਿਓ।

19. ਡਾ. ਹਰਚਰਨ ਸਿੰਘ ਜੀ ਦੀ ਇਕਾਂਗੀ "ਜ਼ਫਰਨਾਮਾ" ਬਾਰੇ 50 ਤੋਂ 60 ਸ਼ਬਦਾਂ ਵਿੱਚ ਸੰਖੇਪ ਵਿੱਚ ਲਿਖੋ। 4